بِسْمِ اللّٰہِ الرَّحْمٰنِ الرَّحِیْم     نَحْمَدُہٗ وَ نُصَلِّی عَلٰی رَسُوْلِہِ الْکَرِیْم     وَ عَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਇ ਖ਼ੈਬਰ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 14 ਫ਼ਰਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਖ਼ੈਬਰ ਦੀ ਜੰਗ ਦਾ ਜ਼ਿਕਰ ਹੋ ਰਿਹਾ ਸੀ। ਹੁਣ ਖ਼ੈਬਰ ਦੇ ਦੂਸਰੇ ਕ਼ਿਲ੍ਹੇ ਦੀ ਫ਼ਤਿਹ ਦਾ ਜ਼ਿਕਰ ਕਰਾਂਗਾ।

ਇਹ ਦੂਸਰਾ ਕ਼ਿਲ੍ਹਾ ਸਾਅਬ ਬਿਨ ਮੁਆਜ਼ ਕਹਾਉਂਦਾ ਹੈ। ਇਸ ਕ਼ਿਲ੍ਹੇ ਵਿੱਚ ਖ਼ੈਬਰ ਦੇ ਬਾਕ਼ੀ ਸਾਰੇ ਕ਼ਿਲ੍ਹਿਆਂ ਨਾਲੋਂ ਜ਼ਿਆਦਾ ਖਾਣਾ, ਜਾਨਵਰ ਅਤੇ ਸਮਾਨ ਸੀ। ਇਸ ਵਿੱਚ ਪੰਜ ਸੌ (500) ਜੰਗਜੂ ਰਹਿੰਦੇ ਸਨ। ਮੁਸਲਮਾਨਾਂ ਨੇ ਇਸ ਕ਼ਿਲ੍ਹੇ ਨੂੰ ਘੇਰੇ ਰੱਖਿਆ, ਪਰ ਕਾਮਯਾਬੀ ਨਾ ਹੋਈ। ਸਹਾਬਾ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋ ਕੇ ਭੁੱਖ ਦੀ ਸ਼ਿੱਦਤ ਦਾ ਇਜ਼ਹਾਰ ਕੀਤਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕ਼ਸਮ ਹੈ ਉਸ ਜ਼ਾਤ ਦੀ ਜਿਸਦੇ ਕ਼ਬਜ਼ੇ ਵਿੱਚ ਮੇਰੀ ਜਾਨ ਹੈ, ਮੇਰੇ ਕੋਲ਼ ਕੁੱਝ ਵੀ ਨਹੀਂ ਹੈ ਜਿਸ ਨਾਲ਼ ਮੈਂ ਤੁਹਾਨੂੰ ਤਾਕ਼ਤ ਬਖ਼ਸ਼ਾਂ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਦੁਆ ਕੀਤੀ ਕਿ ਐ ਅੱਲਾਹ! ਇਨ੍ਹਾਂ ਲਈ ਫ਼ਤਿਹ ਕਰਦੇ ਜਿਹੜਾ ਖਾਣਿਆਂ ਅਤੇ ਚਰਬੀ ਨਾਲ਼ ਭਰਿਆ ਹੋਇਆ ਹੈ। ਇਸ ਦੇ ਬਾਅਦ ਕੁੱਝ ਸਹਾਬਾ ਅਤੇ ਯਹੂਦੀਆਂ ਦੇ ਵਿੱਚਕਾਰ ਵੰਗਾਰ ਹੋਈ ਜਿਸ ਵਿੱਚ ਇੱਕ ਸਹਾਬੀ ਨੇ ਯਹੂਦੀ ਦੇ ਸਿਰ ਤੇ ਵਾਰ ਕੀਤਾ ਅਤੇ ਕ਼ੌਮੀ ਅਣਖ ਦਾ ਨਾਅਰਾ ਲਾਇਆ। ਇਸ 'ਤੇ ਸਹਾਬਾ ਨੇ ਆਖਿਆ ਕਿ ਇਸ ਦਾ ਜਿਹਾਦ ਝੂਠਾ ਹੋ ਗਿਆ ਹੈ ਯਾਨੀ ਕ਼ੌਮੀ ਨਾਅਰਾ ਲਾ ਕੇ ਇਸ ਨੇ ਜਿਹੜਾ ਹਉਮੈ ਕੀਤਾ ਹੈ ਅਤੇ ਆਪਣੀ ਵਡਿਆਈ ਬਿਆਨ ਕੀਤੀ ਹੈ ਇਹ ਸਹੀ ਨਹੀਂ ਹੈ। ਜਦ ਇਹ ਗੱਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੋਈ ਗੱਲ ਨਹੀਂ, ਇਸ ਨੂੰ ਬਦਲਾ ਮਿਲ਼ੇਗਾ ਅਤੇ ਇਸਦੀ ਤਾਰੀਫ਼ ਵੀ ਕੀਤੀ ਜਾਵੇਗੀ। ਯਾਨੀ ਅਜਿਹੇ ਮੌਕ਼ਿਆਂ 'ਤੇ ਜੇਕਰ ਕੋਈ ਅਜਿਹੀ ਗੱਲ ਕਰਦਾ ਹੈ ਤਾਂ ਕੋਈ ਬੁਰੀ ਗੱਲ ਨਹੀਂ ਹੈ।

ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਦੇਖਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੀਰ ਅੰਦਾਜ਼ੀ ਕਰ ਰਹੇ ਸਨ ਅਤੇ ਆਪ ਦਾ ਇੱਕ ਵੀ ਨਿਸ਼ਾਨਾ ਵਿਅਰਥ ਨਹੀਂ ਗਿਆ ਅਤੇ ਆਪ ਮੇਰੇ ਵੱਲ ਦੇਖ ਕੇ ਮੁਸਕੁਰਾਏ। ਹਜ਼ਰਤ ਹਬਾਬ ਬਿਨ ਮੰਜ਼ਰ ਨੇ ਆਪਣੇ ਜਵਾਨਾਂ ਦੇ ਨਾਲ਼ ਕ਼ਿਲ੍ਹੇ ਦੇ ਅੰਦਰ ਦਾਖ਼ਿਲ ਹੋ ਕੇ ਸਖ਼ਤ ਜੰਗ ਕੀਤੀ ਅਤੇ ਆਖ਼ਿਰ ਉਸ ਨੂੰ ਫ਼ਤਿਹ ਕਰ ਲਿਆ, ਅਤੇ ਅਨਾਜ 'ਤੇ ਕ਼ਬਜ਼ਾ ਕਰ ਲਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਐਲਾਨ ਕਰਨ ਵਾਲ਼ੇ ਨੇ ਐਲਾਨ ਕੀਤਾ ਕਿ ਆਪ ਖਾਓ ਅਤੇ ਆਪਣੇ ਜਾਨਵਰਾਂ ਨੂੰ ਵੀ ਖਵਾਓ ਪਰ ਚੁੱਕ ਕੇ ਕੁੱਝ ਨਾ ਲੈ ਜਾਣਾ।

ਇਸ ਦੇ ਬਾਅਦ ਤੀਸਰੇ ਕ਼ਿਲ੍ਹੇ, ਕ਼ਿਲ੍ਹਾ ਜ਼ੁਬੈਰ ਦੀ ਫ਼ਤਿਹ ਦਾ ਜ਼ਿਕਰ ਹੈ। ਜਦ ਯਹੂਦੀ ਕ਼ਿਲ੍ਹਾ ਸਾਅਬ ਅਤੇ ਨਾਇਮ 'ਚੋਂ ਨਿਕਲ਼ ਕੇ ਜ਼ੁਬੈਰ ਦੇ ਕ਼ਿਲ੍ਹੇ ਦੇ ਵੱਲ ਭੱਜੇ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ। ਇਹ ਕ਼ਿਲ੍ਹਾ ਪਹਾੜ ਦੀ ਚੋਟੀ 'ਤੇ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਿੰਨ ਦਿਨ ਇਸ ਕ਼ਿਲ੍ਹੇ ਨੂੰ ਘੇਰੀ ਰੱਖਿਆ

ਪਰ ਕਾਮਯਾਬੀ ਨਾ ਹੋਈ। ਇੱਕ ਯਹੂਦੀ ਨੇ ਹਾਜ਼ਿਰ ਹੋ ਕੇ ਅਮਾਨ ਦਿੱਤੇ ਜਾਣ ਦੀ ਸ਼ਰਤ 'ਤੇ ਅਰਜ਼ ਕੀਤਾ ਕਿ ਜੇਕਰ ਤੁਸੀਂ ਇਸ ਤਰ੍ਹਾਂ ਇੱਕ ਮਹੀਨਾ ਵੀ ਉਨ੍ਹਾਂ ਨੂੰ ਘੇਰੀ ਰੱਖੋ ਤਾਂ ਉਨ੍ਹਾਂ ਨੂੰ ਕੋਈ ਫ਼ਰਕ਼ ਨਹੀਂ ਪੈਣਾ। ਉਨ੍ਹਾਂ ਦੀ ਜ਼ਮੀਨ ਦੇ ਥੱਲੇ ਸੁਰੰਗਾਂ ਹਨ, ਉਹ ਰਾਤ ਨੂੰ ਨਿਕਲ਼ਦੇ ਹਨ ਅਤੇ ਪਾਣੀ ਲਿਆਉਂਦੇ ਹਨ ਅਤੇ ਆਪਣੇ ਆਪਣੇ ਕ਼ਿਲ੍ਹਿਆਂ ਵੱਲ ਨਿਕਲ਼ ਜਾਂਦੇ ਹਨ। ਜੇਕਰ ਤੁਸੀਂ ਉਨ੍ਹਾਂ ਦੇ ਪਾਣੀ ਦਾ ਰਸਤਾ ਕੱਟ ਦੇਵੋ ਤਾਂ ਇਹ ਹਥਿਆਰ ਸੁੱਟ ਦੇਣਗੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੀ ਪਾਣੀ ਦੀ ਜਗ੍ਹਾ ਕੱਟ ਦਿੱਤੀ। ਜਦ ਪਾਣੀ ਦਾ ਰਸਤਾ ਕੱਟਿਆ ਗਿਆ ਤਾਂ ਉਹ ਬਾਹਰ ਨਿਕਲ਼ ਆਏ ਅਤੇ ਘੋਰ ਜੰਗ ਸ਼ੁਰੂ ਹੋ ਗਈ। ਉਸ ਦਿਨ ਮੁਸਲਮਾਨਾਂ ਵਿੱਚੋਂ ਕੁੱਝ ਸਹਾਬਾ ਸ਼ਹੀਦ ਹੋ ਗਏ ਅਤੇ ਯਹੂਦੀਆਂ ਦੇ 10 ਆਦਮੀ ਕ਼ਤਲ ਹੋਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਤਿਹ ਹਾਸਿਲ ਕੀਤੀ। ਉਸ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸ਼ੱਕ਼ ਦੇ ਕ਼ਿਲ੍ਹਿਆਂ ਵੱਲ ਤਸ਼ਰੀਫ਼ ਲੈ ਗਏ।

ਇੱਥੇ ਯਹੂਦੀ ਸਰਦਾਰ ਸਲਾਮ ਬਿਨ ਮਿਸ਼ਕਮ ਦੇ ਮਾਰੇ ਜਾਣ ਦਾ ਜ਼ਿਕਰ ਮਿਲ਼ਦਾ ਹੈ। ਤਵਾਰੀਖ਼ ਵਿੱਚ ਜ਼ਿਕਰ ਹੈ ਕਿ ਇਹ ਬਿਮਾਰ ਸੀ ਅਤੇ ਇਸੇ ਕਾਰਨ ਜੰਗ ਵਿੱਚ ਹਿੱਸਾ ਨਹੀਂ ਲੈ ਰਿਹਾ ਸੀ, ਉਸ ਦੇ ਸਾਥੀਆਂ ਨੇ ਉਸਨੂੰ ਸਲਾਹ ਦਿੱਤੀ ਕਿ ਉਹ ਕਿਤੇ ਹੋਰ ਚਲਿਆ ਜਾਵੇ ਪਰ ਉਸਨੇ ਇਹ ਸਲਾਹ ਨਾ ਮੰਨੀ ਅਤੇ ਆਖ਼ਿਰ ਉਹ ਮੁਸਲਮਾਨਾਂ ਦੇ ਹੱਥੋਂ ਮਾਰਿਆ ਗਿਆ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੇਕਰ ਉਸਦੀ ਬਿਮਾਰੀ ਦਾ ਵਾਕ਼ਿਆ ਸਹੀ ਵੀ ਹੋਵੇ ਅਤੇ ਇਹ ਅਮਲੀ ਤੌਰ 'ਤੇ ਜੰਗ ਕਰਨ ਵਾਲ਼ਾ ਨਹੀਂ ਸੀ ਤਾਂ ਵੀ ਉਸਦਾ ਕ਼ਤਲ ਇਸ ਲਿਹਾਜ਼ ਨਾਲ਼ ਕ਼ਾਬਿਲਿ ਐਤਰਾਜ਼ ਨਹੀਂ ਕਿਉਂਕਿ ਆਪਣੀ ਫ਼ੌਜ ਨੂੰ ਜੰਗ ਵਿੱਚ ਭੇਜਣ ਦੇ ਲਈ ਉਸਨੇ ਤਿਆਰ ਕੀਤਾ ਸੀ ਅਤੇ ਉਨ੍ਹਾਂ ਦੀ ਆਮ ਨਿਗਰਾਨੀ ਵੀ ਕਰ ਰਿਹਾ ਹੋਵੇਗਾ, ਤਾਂ ਉਸ ਦੌਰਾਨ ਜੰਗ ਦੇ ਮਾਹੌਲ ਵਿੱਚ ਕਿਸੇ ਸਹਾਬੀ ਨੇ ਉਸਨੂੰ ਕ਼ਤਲ ਕਰ ਦਿੱਤਾ। ਫ਼ੌਜ ਦੇ ਸਰਦਾਰ ਦੀ ਬੜੀ ਅਹਿਮੀਅਤ ਹੁੰਦੀ ਹੈ ਅਤੇ ਸਰਦਾਰ ਦੇ ਮਰਨ ਨਾਲ਼ ਫ਼ੌਜ ਹਿੰਮਤ ਛੱਡ ਬਹਿੰਦੀ ਹੈ। ਸੋ ਇਸ ਲਿਹਾਜ਼ ਨਾਲ਼ ਉਸਦਾ ਕ਼ਤਲ ਕੋਈ ਐਤਰਾਜ਼ ਦੀ ਗੱਲ ਨਹੀਂ।

ਸ਼ੱਕ਼ ਦੋ ਕ਼ਿਲ੍ਹਿਆਂ ਦਾ ਸਮੂਹ ਸੀ। ਸਭ ਤੋਂ ਪਹਿਲਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕ਼ਿਲ੍ਹਾ ਉਬਈ ਦੇ ਵੱਲ ਵਧੇ ਅਤੇ ਇੱਕ ਪਹਾੜੀ ਤੇ ਖੜੇ ਹੋ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ਿਲ੍ਹੇ ਵਾਲਿਆਂ ਨਾਲ਼ ਜੰਗ ਕੀਤੀ। ਸ਼ੁਰੂ ਵਿੱਚ ਵੰਗਾਰ ਹੋਈ। ਹਜ਼ਰਤ ਹਬਾਬ ਬਿਨ ਮੰਜ਼ਰ, ਜਹਿਸ਼ ਦੇ ਵਸਨੀਕਾਂ ਵਿੱਚੋਂ ਇੱਕ ਵਿਅਕਤੀ ਅਤੇ ਅਬੂ ਦੁਜਾਨਾ ਨੇ ਮੁਸਲਮਾਨਾਂ ਵੱਲੋਂ ਵੰਗਾਰ ਕੀਤੀ। ਵੰਗਾਰ ਵਿੱਚ ਮੁਸਲਮਾਨਾਂ ਦੀ ਕਾਮਯਾਬੀ ਹੋਯੀ ਅਤੇ ਯਹੂਦੀ ਵੰਗਾਰ ਤੋਂ ਲਾਚਾਰ ਹੋ ਗਏ। ਇਸ 'ਤੇ ਮੁਸਲਮਾਨ ਅੱਗੇ ਵਧੇ ਅਤੇ ਕ਼ਿਲ੍ਹੇ ਉੱਤੇ ਹਮਲਾ ਕਰ ਦਿੱਤਾ। ਯਹੂਦੀਆਂ ਨੇ ਮੁਸਲਮਾਨਾਂ ਉੱਤੇ ਘੋਰ ਤੀਰ ਅੰਦਾਜ਼ੀ ਕੀਤੀ, ਮੁਸਲਮਾਨਾਂ ਨੇ ਜਵਾਬਨ ਤੀਰ ਅੰਦਾਜ਼ੀ ਕੀਤੀ ਪਰ ਕਿਉਂਕਿ ਯਹੂਦੀ ਬੁਰਜਾਂ ਦੇ ਉੱਤੋਂ ਮੁਸਲਮਾਨਾਂ 'ਤੇ ਤੀਰ ਵਰਸਾਉਂਦੇ ਸਨ, ਇਸ ਲਈ ਮੁਸਲਮਾਨਾਂ ਦਾ ਇਸ ਹਮਲੇ ਨਾਲ਼ ਨੁਕਸਾਨ ਹੋਇਆ। ਪ੍ਰਤੀਤ ਹੁੰਦਾ ਹੈ ਕਿ ਯਹੂਦੀ ਖ਼ਾਸ ਤੌਰ ਤੇ ਉਸ ਹਿੱਸੇ ਨੂੰ ਹਮਲੇ ਦਾ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ ਜਿੱਥੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਪੜਾਅ ਕੀਤਾ ਹੋਇਆ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਹਾਬਾ ਦੇ ਨਾਲ਼ ਮੌਜੂਦ ਸਨ ਕਿ ਇੱਕ ਤੀਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੱਪੜਿਆਂ ਉੱਤੇ ਆ ਲੱਗਿਆ। ਇੱਕ ਰਿਵਾਇਤ ਵਿੱਚ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਤੀਰ ਦੇ ਲੱਗਣ ਨਾਲ ਜ਼ਖ਼ਮੀ ਹੋਏ ਅਤੇ ਇਸ ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਮੁੱਠੀ ਕੰਕਰੀਆਂ ਦੀ ਲਈ ਅਤੇ ਉਨ੍ਹਾਂ ਉੱਤੇ ਸੁੱਟ ਦਿੱਤੀ। ਜਿਸ ਨਾਲ਼ ਉਨ੍ਹਾਂ ਦਾ ਕ਼ਿਲ੍ਹਾ ਕੰਬਣ ਲੱਗਾ, ਇਥੋਂ ਤੱਕ ਕਿ ਮੁਸਲਮਾਨਾਂ ਨੇ ਯਹੂਦੀਆਂ ਨੂੰ ਫੜ ਲਿਆ।

ਇਸ ਦੇ ਬਾਅਦ ਤਿੰਨ ਹੋਰ ਕ਼ਿਲ੍ਹਿਆਂ ਦਾ ਮੁਸਲਮਾਨਾਂ ਨੇ ਘੇਰਾ ਕੀਤਾ ਅਤੇ ਉਨ੍ਹਾਂ ਨੂੰ ਫ਼ਤਿਹ ਕੀਤਾ। ਇਨ੍ਹਾਂ ਕ਼ਿਲ੍ਹਿਆਂ ਵਿੱਚੋਂ ਕ਼ਿਲ੍ਹਾ ਕ਼ਮੂਸ ਖ਼ਾਸ ਤੌਰ ਤੇ ਮਜ਼ਬੂਤ ਕ਼ਿਲ੍ਹਾ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 14 ਦਿਨ ਤੱਕ ਉਨ੍ਹਾਂ ਦਾ ਘੇਰਾਅ ਕੀਤਾ ਅਤੇ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ੈਸਲਾ ਕੀਤਾ ਕਿ ਯਹੂਦੀਆਂ 'ਤੇ ਮਿੰਜਨੀਕ਼ ਵਰਤੀ ਜਾਏ ਯਾਨੀ ਤੋਪ ਦੇ ਦੁਆਰਾ ਪੱਥਰ ਸੁੱਟੇ ਜਾਣ। ਯਹੂਦੀਆਂ ਨੂੰ ਜਦ ਇਸ ਤਰ੍ਹਾਂ ਆਪਣੀ ਹਲਾਕਤ ਦਾ ਯਕ਼ੀਨ ਹੋ ਗਿਆ ਤਾਂ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਸੁਲਹ ਦੀ ਮੰਗ ਕੀਤੀ। ਯਹੂਦੀਆਂ ਦੀ ਇਸ ਮੰਗ ਤੇ ਮੁਸਲਮਾਨਾਂ ਦੇ ਨਾਲ਼ ਯਹੂਦੀਆਂ ਦੇ ਹਥਿਆਰ ਸੁੱਟਣ ਦੀ ਇੱਕ ਸੰਧੀ ਹੋ ਗਈ। ਇਸ ਸੰਧੀ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਯਹੂਦੀਆਂ ਦੇ ਨਾਲ਼ ਬੜੀ ਨਰਮੀ ਦਾ ਸਲੂਕ ਕੀਤਾ। ਬੁਖ਼ਾਰੀ ਸ਼ਰੀਫ ਦੀ ਰਿਵਾਇਤ ਦੇ

ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ੈਬਰ ਯਹੂਦੀਆਂ ਨੂੰ ਦੇ ਦਿੱਤਾ ਕਿ ਉਹ ਇਸ ਤੇ ਕੰਮ ਕਰਨ, ਉੱਥੇ ਖੇਤੀਬਾੜੀ ਕਰਨ ਅਤੇ ਉਨ੍ਹਾਂ ਦੇ ਲਈ ਅੱਧਾ ਹੈ ਜੋ ਉਥੇ ਪੈਦਾ ਹੋਵੇ। ਖ਼ੈਬਰ ਵਿੱਚ ਸਤਾਰਾਂ (17) ਸਹਾਬੀ ਸ਼ਹੀਦ ਹੋਏ।

ਤਵਾਰੀਖ਼ ਅਤੇ ਸੀਰਤ ਦੀਆਂ ਕਿਤਾਬਾਂ ਵਿੱਚ ਜ਼ਿਕਰ ਹੈ ਕਿ ਖ਼ੈਬਰ ਦੀ ਫ਼ਤਿਹ ਦੇ ਬਾਅਦ ਜਦ ਮੁਸਲਮਾਨਾਂ ਤੇ ਯਹੂਦੀਆਂ ਵਿੱਚ ਸੰਧੀ ਹੋ ਗਈ ਤਾਂ ਲੋਕ ਕਨਾਨਾ ਅਤੇ ਉਸਦੇ ਭਾਈ ਰਬੀਅ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਲੈ ਕੇ ਆਏ। ਕਨਾਨਾ ਪੂਰੇ ਖ਼ੈਬਰ ਦਾ ਸਰਦਾਰ ਸੀ ਅਤੇ ਹਜ਼ਰਤ ਸਫ਼ਿਯਾ ਦਾ ਪਤੀ ਸੀ ਅਤੇ ਰਬੀਅ ਉਸਦਾ ਚਚੇਰਾ ਭਰਾ ਸੀ। ਕਨਾਨਾ ਦੇ ਕੋਲ਼ ਯਹੂਦੀ ਕਬੀਲਾ ਬਨੂ ਨਜ਼ੀਰ ਦੇ ਸਰਦਾਰ ਹੁਈ ਬਿਨ ਅਖ਼ਤਬ ਦਾ ਖ਼ਜ਼ਾਨਾ ਸੀ, ਜਿਸ ਵਿੱਚ ਸੋਨੇ ਚਾਂਦੀ ਦੇ ਗਹਿਣੇ ਆਦਿ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੋਹਾਂ ਕੋਲੋਂ ਉਸ ਖ਼ਜ਼ਾਨੇ ਦੇ ਬਾਰੇ ਪੁੱਛਿਆ ਤਾਂ ਉਨ੍ਹਾਂ ਦੋਹਾਂ ਨੇ ਇਨਕਾਰ ਕਰ ਦਿੱਤਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਦੋਹਾਂ ਨੇ ਮੇਰੇ ਕੋਲੋਂ ਕੁੱਝ ਲੁਕਾਇਆ ਅਤੇ ਉਹ ਬਾਅਦ ਵਿੱਚ ਜ਼ਾਹਿਰ ਹੋ ਗਿਆ ਤਾਂ ਤੁਹਾਡੇ ਉੱਤੇ ਅੱਲਾਹ ਅਤੇ ਉਸਦੇ ਰਸੂਲ ਦਾ ਕੋਈ ਜ਼ਿੰਮਾ ਨਾ ਹੋਵੇਗਾ। ਤਵਾਰੀਖ਼ ਅਤੇ ਸੀਰਤ ਦੀਆਂ ਕਿਤਾਬਾਂ ਦੇ ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੇ ਬਾਅਦ ਇੱਕ ਸਹਾਬੀ ਨੂੰ ਕੁੱਝ ਨਿਸ਼ਾਨੀਆਂ ਦੱਸ ਕੇ ਭੇਜਿਆ ਅਤੇ ਉਹ ਸਹਾਬੀ ਇਹ ਖ਼ਜ਼ਾਨਾ ਲੈ ਆਏ, ਜਿਸ ਦੀ ਕ਼ੀਮਤ 10 ਹਜ਼ਾਰ ਦੀਨਾਰ ਲਾਈ ਗਈ ਅਤੇ ਉਨ੍ਹਾਂ ਦੋਹਾਂ, ਕਨਾਨਾ ਤੇ ਰਬੀਅ ਨੂੰ ਕ਼ਤਲ ਕਰ ਦਿੱਤਾ ਗਿਆ। ਕੁੱਝ ਰਿਵਾਇਤਾਂ ਵਿੱਚ ਕਨਾਨਾ ਨੂੰ ਚਕ਼ਮਾਕ਼ ਦੇ ਪੱਥਰਾਂ ਨਾਲ਼ ਅੱਗ ਦਿੱਤੇ ਜਾਣ ਦਾ ਵੀ ਜ਼ਿਕਰ ਮਿਲ਼ਦਾ ਹੈ।

ਹਜ਼ੂਰ ਨੇ ਇਸ ਵਾਕ਼ੇ ਦੀਆਂ ਵੱਖ-ਵੱਖ ਰਿਵਾਇਤਾਂ ਨੂੰ ਬਿਆਨ ਕਰਨ ਦੇ ਬਾਅਦ ਉਨ੍ਹਾਂ ਉੱਤੇ ਸਮੂਹਿਕ ਟਿੱਪਣੀ ਕਰਦੇ ਹੋਏ ਇਸ ਵਾਕ਼ੇ ਨੂੰ ਹਕ਼ੀਕ਼ਤ ਦੇ ਖ਼ਿਲਾਫ਼ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਰਹਿਮਤ ਤੋਂ ਦੂਰ ਕ਼ਰਾਰ ਦਿੱਤਾ। ਫ਼ਰਮਾਇਆ ਇੱਥੇ ਵੀ ਐਤਰਾਜ਼ ਕਰਨ ਵਾਲਿਆਂ ਨੇ ਇਸਲਾਮ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪਵਿੱਤਰ ਜ਼ਾਤ ‘ਤੇ ਐਤਰਾਜ਼ ਕੀਤੇ ਹਨ ਜਿਵੇਂ ਕਿ ਆਪ ਨੂੰ ਮਾਲ ਅਤੇ ਦੌਲਤ ਦੀ ਹਿਰਸ ਸੀ। ਫਿਰ ਇਹ ਵੀ ਜ਼ਾਹਿਰ ਕਰਨਾ ਚਾਹਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਊਜ਼ੁਬਿੱਲਾਹ (نعوذباللہ) ਕਿਸ ਕਿਸ ਤਰ੍ਹਾਂ ਦੇ ਜ਼ੁਲਮ ਕਰਨ ਤੋਂ ਵੀ ਨਹੀਂ ਚੂਕਦੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜ਼ਿੰਦਗੀ ਤਾਂ ਖੁੱਲ੍ਹੀ ਕਿਤਾਬ ਦੇ ਵਾਂਗਰ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਾਂ ਜੰਗ ਤੋਂ ਪਹਿਲਾਂ ਇਹ ਹਿਦਾਇਤ ਦਿੰਦੇ ਸਨ ਕਿ ਕਿਸੇ ਬੱਚੇ, ਕਿਸੇ ਔਰਤ ਨੂੰ ਕ਼ਤਲ ਨਾ ਕਰਨਾ ,ਇਥੋਂ ਤੱਕ ਕਿ ਕਿਸੇ ਰੁੱਖ ਨੂੰ ਵੀ ਬਿਨਾ ਕਾਰਣ ਨਾ ਕੱਟਣਾ। ਜਿਹੜੇ ਜਾਨਵਰਾਂ ਨੂੰ ਵੀ ਤਕਲੀਫ਼ ਵਿੱਚ ਨਹੀਂ ਦੇਖ ਸਕਦੇ ਉਹ ਇਨਸਾਨਾਂ ‘ਤੇ ਕਿਸ ਤਰ੍ਹਾਂ ਜ਼ੁਲਮ ਕਰ ਸਕਦੇ ਹਨ? ਇਸੇ ਤਰ੍ਹਾਂ ਮਾਲਿ ਗ਼ਨੀਮਤ ਦੇ ਲਈ ਜੰਗ ਕਰਨਾ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੇ ਇੱਕ ਬਿਨਾ ਸਿਰ ਪੈਰ ਦਾ ਐਤਰਾਜ਼ ਹੈ। ਖ਼ੈਬਰ ਤਾਂ ਉਹ ਜੰਗ ਸੀ ਜਿਸ ‘ਤੇ ਰਵਾਨਾ ਹੋਣ ਤੋਂ ਪਹਿਲਾਂ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਐਲਾਨ ਫ਼ਰਮਾ ਦਿੱਤਾ ਸੀ ਕਿ ਜਿਹੜਾ ਮਾਲੋ ਦੌਲਤ ਦੇ ਲਾਲਚ ਵਿੱਚ ਜੰਗ ‘ਤੇ ਜਾਣਾ ਚਾਹੁੰਦਾ ਹੈ ਉਹ ਸਾਡੇ ਨਾਲ਼ ਨਾ ਆਵੇ। ਜਿਸ ਨਬੀ ਦਾ ਨਮੂਨਾ ਇਹ ਹੋਵੇ ਉਸ ਦੇ ਬਾਰੇ ਜੇਕਰ ਅਜਿਹੀ ਕੋਈ ਰਿਵਾਇਤ ਸਾਹਮਣੇ ਆਏ ਤਾਂ ਇਨਸਾਫ਼ ਦਾ ਤਕ਼ਾਜ਼ਾ ਇਹੀ ਹੈ ਕਿ ਉਸਨੂੰ ਗ਼ੌਰ ਨਾਲ਼ ਦੇਖਿਆ ਜਾਵੇ। ਉਸ ਦਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜਿਹੜੇ ਨਿਆ ਅਤੇ ਇਨਸਾਫ਼ ਦਾ ਸਮੂਹ ਅਤੇ ਅਲਮ ਬਰਦਾਰ ਸਨ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਇਸ ਤਰ੍ਹਾਂ ਦਾ ਕੰਮ ਮਨਸੂਬ ਕਰਨਾ ਕਿਸੇ ਤਰ੍ਹਾਂ ਇਨਸਾਫ਼ ਨਹੀਂ।

ਹਜ਼ੂਰ ਅਨਵਰ ਨੇ ਇਸਲਾਮ ਬਾਰੇ ਯੂਰਪੀ ਖੋਜਕਾਰਾਂ ਦੇ ਐਤਰਾਜ਼ਾਂ ਅਤੇ ਰਿਵਾਇਤਾਂ ਦੀ ਅੰਦਰੂਨੀ ਗਵਾਹੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਟਿੱਪਣੀ ਕੀਤੀ ਅਤੇ ਹਕ਼ੀਕ਼ਤ ਦੇ ਖ਼ਿਲਾਫ਼ ਰਿਵਾਇਤਾਂ ਦਾ ਗ਼ਲਤ ਹੋਣਾ ਸਾਬਿਤ ਕੀਤਾ। ਅੱਲਾਮਾ ਸ਼ਿਬਲੀ ਨੋਮਾਨੀ ਨੇ ਇਸ ਰਿਵਾਇਤ ਨੂੰ ਸਖ਼ਤ ਗ਼ਲਤ ਰਿਵਾਇਤ ਕ਼ਰਾਰ ਦਿੱਤਾ ਹੈ। ਇਸੇ ਤਰ੍ਹਾਂ ਕਨਾਨਾ ਦੇ ਕ਼ਤਲ ਕੀਤੇ ਜਾਣ ਦੀ ਵਜ੍ਹਾ ਇਹ ਦੱਸੀ ਹੈ ਕਿ ਉਸ ਨੇ ਮਹਿਮੂਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੂੰ ਕ਼ਤਲ ਕੀਤਾ ਸੀ। ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਰਸ਼ਾਦ ‘ਤੇ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਭਰਾ ਮਹਿਮੂਦ ਦੇ ਕ਼ਿਸਾਸ ਦੇ ਤੌਰ ‘ਤੇ ਕਨਾਨਾ ਨੂੰ ਕ਼ਤਲ ਕੀਤਾ।

ਮੌਜੂਦਾ ਜ਼ਮਾਨੇ ਦੇ ਇੱਕ ਅਹਮਦੀ ਲੇਖਕ ਸੱਯਦ ਬਰਕਾਤ ਅਹਮਦ ਸਾਹਿਬ ਆਪਣੀ ਕਿਤਾਬ "ਰਸੂਲਿ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਹਿਜਾਜ਼ ਦੇ ਯਹੂਦੀ" ਵਿੱਚ ਲਿਖਦੇ ਹਨ ਕਿ ਇਬਨਿ ਇਸਹਾਕ਼ ਨੇ ਬਗ਼ੈਰ ਕਿਸੇ ਸਨਦ ਦੇ ਇਹ ਵਾਕ਼ਿਆ ਬਿਆਨ ਕੀਤਾ ਹੈ। ਅੱਵਲ ਤਾਂ ਅਜ਼ਾਬ ਅਤੇ ਉਹ ਵੀ ਅੱਗ ਦਾ ਅਜ਼ਾਬ ਇਸਲਾਮ ਦੀ ਸਿੱਖਿਆ ਦੇ ਖ਼ਿਲਾਫ਼ ਹੈ। ਦੂਸਰਾ ਇਹ ਕਿ ਪੂਰੇ ਖ਼ੈਬਰ ਦੇ ਮਾਲ ਦੀ ਵੰਡ ਵਿੱਚ ਉਸ ਖ਼ਜ਼ਾਨੇ ਦੀ ਵੰਡ ਦਾ ਕਿਤੇ ਕੋਈ ਜ਼ਿਕਰ ਨਹੀਂ ਮਿਲ਼ਦਾ, ਨਾ ਹੀ ਉਸ ਖ਼ਜ਼ਾਨੇ ਦੇ ਬੈਤੁਲ ਮਾਲ ਵਿੱਚ ਦਾਖ਼ਿਲ ਹੋਣ ਦੀ ਕੋਈ ਰਿਵਾਇਤ ਮੌਜੂਦ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਸੋ ਇਹ ਅਸਲ ਹਕ਼ੀਕ਼ਤ ਹੈ। ਇਹ ਵਾਕ਼ੇ ਅੱਗੇ ਚੱਲ ਰਹੇ ਹਨ। ਇੱਥੇ ਇਨ੍ਹਾਂ ਵਾਕ਼ਿਆਂ ਵਿੱਚ ਇੱਕ ਯਹੂਦੀ ਔਰਤ ਦਾ ਵੀ ਜ਼ਿਕਰ ਹੈ ਜਿਸਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਸਾਜ਼ਿਸ਼ ਕੀਤੀ ਪਰ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮਹਿਫ਼ੂਜ਼ ਰੱਖਿਆ। ਕਿਉਂਕਿ ਲੰਮਾ ਵਾਕ਼ਿਆ ਹੈ ਇਸ ਦੀ ਤਫ਼ਸੀਲ ਇੰਨਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਆਖ਼ਿਰ ਤੇ ਹਜ਼ੂਰ ਅਨਵਰ ਨੇ ਮੁਕੱਰਮ ਮਾਸਟਰ ਮਨਸੂਰ ਅਹਮਦ ਸਾਹਿਬ ਕਾਹਲੋਂ ਆਫ਼ ਆਸਟ੍ਰੇਲੀਆ ਸਪੁੱਤਰ ਮੁਕੱਰਮ ਸ਼ਰੀਫ਼ ਅਹਮਦ ਸਾਹਿਬ ਕਾਹਲੋਂ ਦਾ ਜ਼ਿਕਰਿ ਖ਼ੈਰ ਕੀਤਾ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞